28

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 12429/ਕਾਲਜ/ਸ- 6
ਮਿਤੀ 28/2/24

ਯਾਦ-ਪੱਤਰ ਨੰ: 1

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਲਾਅ ਕਾਲਜਾਂ ਦੇ. ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ
ਅਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਚਲਦੇ ਲਾਅ ਕੋਰਸ ਲਈ
ਪ੍ਰਿੰਸੀਪਲ ਸਾਹਿਬ ਨੂੰ

ਵਿਸ਼ਾ:- ਲਾਅ ਕਾਲਜਾਂ ਵਿਖੇ ਚਲਦੇ ਲਾਅ ਕੋਰਸਾਂ ਲਈ ਲੋੜੀਂਦਾ ਟੀਚਿੰਗ ਸਟਾਫ ਨਿਯੁਕਤ ਕਰਨ ਸਬੰਧੀ।

ਹਵਾਲਾ:- ਪੱਤਰ ਨੰ: 12220/ਕਾਲਜਾਂ/ਸ-6, ਮਿਤੀ 5.2.2024.

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ/ਸਰਕੂਲਰ ਰਾਹੀਂ ਯੂਨੀਵਰਸਿਟੀ ਨਾਲ ਸਬੰਧਤ ਲਾਅ ਕਾਲਜਾਂ ਵਿਖੇ ਨਿਯਮਾਂ ਅਨੁਸਾਰ ਰੈਗੂਲਰ ਪ੍ਰਿੰਸੀਪਲ ਅਤੇ ਲਾਇਬ੍ਰੇਰੀਅਨ ਤੋਂ ਇਲਾਵਾ ਚਲ ਰਹੇ ਹਰੇਕ ਕੋਰਸ/ਵਿਸ਼ੇ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਕਰਨ ਅਤੇ ਸੈਸ਼ਨ 2023-24 ਤੱਕ ਦੀ ਬਾਰ ਕੌਂਸਲ ਆਫ ਇੰਡੀਆ ਨਿਊ ਦਿੱਲੀ ਦੀ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਕਰਕੇ ਮਿਤੀ 14.2.2024 ਤੱਕ ਦਫਤਰ ਨੂੰ ਸੂਚਿਤ ਕਰਨ ਲਈ ਲਿਖਿਆ ਗਿਆ ਸੀ, ਪਰੰਤੂ ਜਿਆਦਾਤਰ ਲਾਅ ਕਾਲਜਾਂ ਵੱਲੋਂ ਇਸ ਸਬੰਧੀ ਲੋੜੀਂਦੀ ਕਾਰਵਾਈ ਨਹੀ ਕੀਤੀ ਜਾ ਰਹੀ ਹੈ।

ਇਸ ਲਈ ਮੁੜ ਯਾਦ-ਪੱਤਰ ਜਾਰੀ ਕਰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਯੂਨੀਵਰਸਿਟੀ ਨਿਯਮਾਂ ਅਨੁਸਾਰ ਰੈਗੂਲਰ ਪ੍ਰਿੰਸੀਪਲ ਅਤੇ ਲਾਇਬ੍ਰੇਰੀਅਨ ਤੋਂ ਇਲਾਵਾ ਚਲ ਰਹੇ ਲਾਅ ਕੋਰਸਾਂ/ਵਿਸ਼ਿਆਂ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਕਰਕੇ ਅਤੇ ਸੈਸ਼ਨ 2023-24 ਤੱਕ ਦੀਆਂ ਲੋੜੀਂਦੀਆਂ ਅਪਰੂਵਲਾਂ ਪ੍ਰਾਪਤ ਕਰਕੇ ਲੋੜੀਂਦੇ ਤਸਦੀਕਸ਼ੁਦਾ ਦਸਤਾਵੇਜ਼ਾਂ ਸਮੇਤ ਮਿਤੀ 07.3.2024 ਤੱਕ ਹਸਤਾਖਰਕਰਤਾ ਨੂੰ ਸੂਚਿਤ ਕੀਤਾ ਜਾਵੇ।

ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੈਸ਼ਨ 2024-25 ਲਈ ਚਲ ਰਹੇ ਲਾਅ ਕੋਰਸਾਂ ਦੇ ਐਂਟਰੀ ਪੁਆਇੰਟ ਦੇ ਦਾਖਲਿਆਂ ਲਈ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ/ਕੋਆਰਡੀਨੇਟਰ, ਪੰਜਾਬ ਲਾਅ ਦਾਖਲਾ ਸੈਲ ਲਈ ਯੂਨੀਵਰਸਿਟੀ ਵੱਲੋਂ ਸਬੰਧਤ ਲਾਅ ਕਾਲਜ ਦਾ ਨਾਮ ਸ਼ਾਮਲ ਨਾ ਕਰਨ ਸਬੰਧੀ ਲਿਖ ਦਿੱਤਾ ਜਾਵੇਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

27.02.24

ਡੀਨ, ਕਾਲਜ ਵਿਕਾਸ ਕੌਂਸਲ